# ਅਨਮੋਲ ਬਚਨ

ਭਾਗ ਪਹਿਲਾ

051324

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ॥

# ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ

## ਦੇ

# ਅਨਮੋਲ ਬਚਨ

ਭਾਗ ਪਹਿਲਾ

ਸੰਗ੍ਰਹਿ ਕਰਤਾ:
ਦਾਸ ਜੋਗਾ ਸਿੰਘ 'ਚਾਚਾ'
ਦਾਸ ਗੁਰਇਕਬਾਲ ਸਿੰਘ

ਜਾਰੀ ਕਰਤਾ:
**ਸਚਖੰਡ ਨਾਨਕ ਧਾਮ**
11 ਚਰਚ ਹਿਲ ਰੋਡ, ਹੈਂਡਜ਼ਵਰਥ,
ਬਰਮਿੰਘਮ, ਇੰਗਲੈਂਡ
ਟੈਲੀਫੂਨ — 021- 554 2422

ਪ੍ਰਿੰਟਰਜ਼:
**ਸਨਰਾਈਜ਼ ਪ੍ਰਿੰਟਰਜ਼ ਐਂਡ ਪਬਲਿਸ਼ਰਜ਼ ਲਿਮਟਿਡ**
126 ਨੌਰਥ ਰੋਡ, ਸਾਊਥਾਲ, ਮਿਡਲਸੈਕਸ
ਟੈਲੀਫੂਨ — 01- 843 9060

ਕਰਤਾ ਦੇ ਸੱਭ ਹੱਕ ਰਾਖਵੇਂ ਹਨ।

# ਭੂਮਿਕਾ

ਅਸੀਂ ਇਸ ਕਿਤਾਬ ਵਿਚ ਮਹਾਰਾਜ ਦਰਸ਼ਨ ਦਾਸ ਜੀ ਦੇ "ਅਨਮੋਲ ਬਚਨ" ਜੋ ਕਿ ਉਹਨਾਂ ਸਮੇਂ ਸਮੇਂ ਸਿਰ ਸੰਗਤਾਂ ਨਾਲ ਕੀਤੇ ਹਨ, ਦੇ ਰਹੇ ਹਾਂ ਅਤੇ ਇਹ ਐਸੇ ਬਚਨ ਹਨ ਜਿਹੜੇ ਕਿ ਸਾਡੀ ਨਿਤ ਦੀ ਜ਼ਿੰਦਗੀ ਨਾਲ ਸਬੰਧ ਰਖਦੇ ਹਨ। ਅਸੀਂ ਉਮੀਦ ਰਖਦੇ ਹਾਂ ਕਿ ਹਰੇਕ ਪਾਠਕ ਇਹਨਾਂ ਤੋਂ ਸਿਖਿਆ ਲੈ ਕੇ ਆਪਣੇ ਜੀਵਨ ਵਿਚ ਤਰੱਕੀ ਕਰ ਸਕਦਾ ਹੈ।

ਵਲੋਂ

ਦਾਸ ਜੋਗਾ ਸਿੰਘ 'ਚਾਚਾ'

ਦਾਸ ਗੁਰਇਕਬਾਲ ਸਿੰਘ

ਐ ਬੰਦੇ ਤੂੰ ਬਦੀ ਨ ਕਰ ਬੰਦਗੀ ਕਰ।
ਮੈਂ ਬੰਦੇ ਪੈਦਾ ਕੀਤੇ ਹਨ।

•

ਕਿਸੇ ਦਾ ਸ਼ੌਂਕ ਜਾਂ ਮਜਬੂਰੀ ਖਰੀਦਣਾ ਸ਼ਾਹੂਕਾਰ ਦਾ ਕੰਮ ਹੈ। ਕਿਸੇ ਦਾ ਦਿਲ ਜਿਤਣਾ ਫਕੀਰ ਦਾ ਕੰਮ ਹੈ।

•

ਮੁਰਸ਼ਦ ਦੇ ਹੁਕਮ ਅਗੇ ਸੋਚ ਨਹੀਂ ਹੋਣੀ ਚਾਹੀਦੀ। ਜਿਥੇ ਸੋਚ ਹੈ ਉਥੇ ਬਰਕਤ ਨਹੀਂ।

•

ਤੁਹਾਡਾ ਯਕੀਨ ਮੁਰਸ਼ਦ ਤੇ ਪੱਕਾ ਹੋਣਾ ਚਾਹੀਦਾ ਹੈ। ਨੇਕ ਬੰਦੇ ਬਣੋ, ਨੇਕ ਰਾਹਵਾਂ ਤੇ ਚਲੋ, ਸਾਰੀ ਦੁਨੀਆਂ ਤੁਹਾਡੇ ਪਿਛੇ ਆ ਜਾਵੇਗੀ।

ਧਰਮ ਵਿਚ ਤੰਗੀ ਨਹੀਂ, ਗੁਲਾਮੀ ਨਹੀਂ, ਇਸ ਵਿਚ ਆਜ਼ਾਦੀ ਹੀ ਆਜ਼ਾਦੀ ਹੈ।

●

ਤੁਸੀਂ ਆਪਣੇ ਗੁਨਾਹਾਂ ਤੋਂ ਤੌਬਾ ਕਰ ਲਉ, ਰੱਬ ਤੁਹਾਨੂੰ ਮੁਆਫ ਕਰ ਦੇਵੇਗਾ।

●

ਅਫਸਰ ਉਹ ਹੈ ਜੋ ਅੰਦਰ ਦੀ ਗੱਲ ਬਾਹਰ ਨਾ ਆਉਣ ਦੇਵੇ ਅਤੇ ਫਕੀਰ ਉਹ ਹੈ ਜੋ ਰਹਿਮਤ ਕਰਕੇ ਜਤਾਵੇ ਨਾ, ਪਿਆਰ ਉਹ ਹੈ ਜੋ ਅੱਖਾਂ 'ਚੋਂ ਝਲਕੇ ਨਾਂ ਔਰ ਮੂੰਹ ਅਤੇ ਹੋਠਾਂ ਤੇ ਨਾਂ ਆਵੇ।

●

ਪਿਆਰ ਇਕ ਉਮੰਗ ਹੈ ਇੰਤਜ਼ਾਰ ਨਹੀਂ।

ਰੱਬ ਨੇਕ ਰਾਹ ਬੰਦੇ ਨੂੰ ਉਦੋਂ ਦੇਂਦਾ ਹੈ ਜਦੋਂ ਉਹ ਉਸ ਤੇ ਚਲਣ ਦਾ ਚਾਹਵਾਨ ਬਣ ਜਾਂਦਾ ਹੈ।

●

ਈਰਖਾ ਅਤੇ ਮਾੜੇ ਕਰਮ ਕਰਨ ਵਾਲੇ ਨਾਮੀ ਜੀਵ (ਨਾਮ ਲੇਵਾ) ਨੂੰ ਸਜ਼ਾ ਨਾਲੋ ਨਾਲ ਮਿਲਦੀ ਰਹਿੰਦੀ ਹੈ।

●

ਗੁਰੂ ਤੋਂ ਬੇਮੁਖ ਹੋਣਾ ਕਾਇਰਤਾ ਹੈ, ਇਸਦੀ ਸਜ਼ਾ ਰੱਬ ਦੇ ਘਰ ਵਿਚ ਬਹੁਤ ਹੈ।

●

ਰੱਬ ਨੂੰ ਆਸ਼ਕਾਂ ਦੀ ਲੋੜ ਹੈ ਇਸ਼ਕ ਕਰਨ ਵਾਲਿਆਂ ਦੀ ਨਹੀਂ। ਉਸਨੂੰ ਪ੍ਰੇਮੀਆਂ ਦੀ ਲੋੜ ਹੈ ਪਿਆਰ ਕਰਨ ਵਾਲਿਆਂ ਦੀ ਨਹੀਂ।

ਇਨਸਾਨ ਦੇ ਕਰਮ ਉਚੇ ਹੋਣੇ ਚਾਹੀਦੇ ਹਨ, ਕਰਤੂਤ ਨਹੀਂ। ਕਰਤੂਤ ਹਮੇਸ਼ਾਂ ਇਨਸਾਨ ਨੂੰ ਨੀਵਾਂ ਕਰਦੀ ਹੈ ਅਤੇ ਕਰਮ ਉੱਚਾ ਕਰਦਾ ਹੈ।

•

ਹਰਕਤ ਤੁਹਾਡੀ, ਬਰਕਤ ਅਤੇ ਰਹਿਮਤ ਪ੍ਰਮਾਤਮਾ ਦੀ ਹੈ।

•

ਔਰਤ ਵਿਚ ਜਦੋਂ ਆਪਣਾ-ਪਨ ਜਾਂ ਮਮਤਾ ਜਾਗ ਪੈਂਦੀ ਹੈ ਤਾਂ ਉਸ ਵਕਤ ਉਹ ਰੱਬ ਨੂੰ ਵੀ ਭੁਲ ਜਾਂਦੀ ਹੈ।

•

ਅੱਖਾਂ, ਕੰਨਾਂ ਤੇ ਖਿਆਲਾਂ ਰਾਹੀਂ ਜੀਵ ਅੰਦਰ ਵਿਕਾਰ ਪੈਦਾ ਹੁੰਦੇ ਹਨ। ਇਸ ਵਿਚ ਰੱਬ ਦਾ ਕੋਈ ਹੱਥ ਨਹੀਂ।

ਦਿਲ ਗੁਨਾਹ ਕਰਦਾ ਹੈ, ਦਿਮਾਗ ਗੁਨਾਹ ਨਹੀਂ ਕਰਦਾ।

●

ਅਚਾਨਕ ਹੋਈ ਹੋਈ ਗਲਤੀ ਰੱਬ ਦੇ ਘਰ ਵਿਚ ਬਖਸ਼ੀ ਜਾ ਸਕਦੀ ਹੈ ਪਰ ਸੋਚ ਸਮਝ ਕੇ ਕੀਤੀ ਹੋਈ ਗਲਤੀ, ਅਸਲ ਵਿਚ ਪਾਪ ਹੈ ਜੋ ਕਦੀ ਵੀ ਬਖਸ਼ਿਆ ਨਹੀਂ ਜਾ ਸਕਦਾ।

●

ਜੀਵ ਨੂੰ ਜ਼ਿੰਦਗੀ ਵਿਚ ਤਿੰਨ ਚੀਜ਼ਾਂ ਜ਼ਰੂਰ ਸਿਖਣੀਆਂ ਚਾਹੀਦੀਆਂ ਹਨ — 1. ਸਾਥ ਦੇਣਾ, 2. ਸਾਥ ਲੈਣਾ, 3.ਸਾਥੀ ਬਣਾਉਣਾ।

●

ਆਸ਼ਕ ਖੁਸ਼ੀ ਵਿਚ ਵੀ ਗਮ ਨਹੀਂ ਭੁਲਾਉਂਦੇ।

ਅਸੀਂ ਪ੍ਰਮਾਤਮਾ ਤੋਂ ਸਾਰੀ ਧਰਤੀ ਤੇ ਸ਼ਾਂਤੀ ਅਤੇ ਰਹਿਮਤ ਦੀ ਮੰਗ ਕਰਦੇ ਹਾਂ।

•

ਸੋਚੀ ਸਮਝੀ ਅਰਦਾਸ ਚਤੁਰਾਈ ਹੈ। ਮਨੁੱਖ ਦੀ ਐਸੀ ਅਰਦਾਸ ਕਬੂਲ ਨਹੀਂ ਹੁੰਦੀ। ਜੋ ਚੀਜ਼ ਚੰਗੀ ਹੈ ਉਸਨੂੰ ਚੰਗੀ ਨੀਯਤ ਨਾਲ ਹੀ ਰੱਬ ਨੂੰ ਦਿਉ, ਉਹ ਕਬੂਲ ਹੋ ਜਾਵੇਗੀ। ਸੋ ਸਹਿਜ ਸੁਭਾ ਹੀ ਕੀਤੀ ਅਰਦਾਸ ਠੀਕ ਹੈ।

•

ਅਗਰ ਕੋਈ ਦੁਖ ਆ ਵੀ ਜਾਂਦਾ ਹੈ ਤਾਂ ਇਹੀ ਕਹੋ ਕਿ ਪ੍ਰਮਾਤਮਾ ਇਹ ਵੀ ਤੇਰਾ ਭਾਣਾ ਹੈ।

•

ਦੁਖ, ਸੁਖ ਦਾ ਰਸ ਖੁਸ਼ੀ ਅਤੇ ਅਨੰਦ ਹੈ।

ਪਿਆਸਾ ਖੂਹ ਕੋਲ ਜਾਂਦਾ ਹੈ ਪਰ ਸੱਚੇ ਆਸ਼ਕ ਤਾਂ ਖੂਹ ਨੂੰ ਵੀ ਕੋਲ ਬੁਲਾ ਲੈਂਦੇ ਹਨ।

•

ਪ੍ਰਮਾਤਮਾ ਤੁਹਾਨੂੰ ਤੌਫੀਕ, ਅਨੰਦ ਅਤੇ ਖੁਸ਼ੀਆਂ ਭਰੇ ਖਿਆਲਾਤ ਦੇਵੇ।

•

ਦਿਲ ਉਹ ਹੈ ਜਿਹੜਾ ਕਿਸੇ ਨੂੰ ਮੁਆਫ ਕਰ ਦੇਵੇ।

•

ਰੱਬ ਪਾਉਣਾ ਸੌਖਾ ਹੈ ਪਰ ਵਰਤਾਉਣਾ ਬਹੁਤ ਔਖਾ ਹੈ।

•

ਗੁਨਾਹ ਉਹ ਹੈ ਜੋ ਮਹਿਸੂਸ ਕਰ ਲਿਆ ਜਾਵੇ।

ਸਾਧੂ ਦੀ ਸੰਗਤ ਇਕ ਘੜੀ ਦੀ ਵੀ ਬਹੁਤ ਹੈ ਪਰ ਜੇ ਉਹਦੇ ਹੁਕਮ ਵਿਚ ਹੋਵੇ। ਪ੍ਰੰਤੂ ਹੁਕਮ ਵੀ ਖੁਸ਼ੀ ਨਾਲ ਹੀ ਮੰਨਿਆ ਜਾਵੇ ਨਾ ਕਿ ਬੰਦਸ਼ ਵਿਚ।

•

ਕਿਸੇ ਦੀਆਂ ਗਲਤੀਆਂ ਤੇ ਪੜਦੇ ਪਾਉਣਾ ਇਸ ਦਰਬਾਰ (ਸਚਖੰਡ ਨਾਨਕ ਧਾਮ) ਦੀ ਸ਼ਾਨ ਹੈ। ਤੁਸੀਂ ਉਹਦੇ ਬੰਦਿਆਂ ਨੂੰ ਢਕੋ, ਰੱਬ ਤੁਹਾਨੂੰ ਢਕੇਗਾ।

•

ਦਇਆ ਅਕਾਲ ਪੁਰਖ ਦੀ ਅਤੇ ਮਿਹਰ ਮੁਰਸ਼ਦ ਦੀ ਹੁੰਦੀ ਹੈ।

•

ਭਲਾ ਮੰਗਣ ਨਾਲ ਹੀ ਹੁੰਦਾ ਹੈ, ਪੈਸੇ ਧੇਲੇ ਨਾਲ ਨਹੀਂ।

ਆਪਣੀ ਸੋਚਣੀ ਗਲਤ ਹੋਣ ਨਾਲ ਅਸੀਂ ਤਰੱਕੀ ਨਹੀਂ ਕਰ ਸਕਦੇ।

•

ਰੱਬ ਦੀ ਮਾਂ ਪੂਜਾ ਹੈ ਅਤੇ ਪਿਤਾ ਪਿਆਰ ਹੈ।

•

ਵਕਤ ਪੈਣ ਤੇ ਦੁਸ਼ਮਣ ਦਾ ਵੀ ਭਲਾ ਕਰ ਦਿਉ।

•

ਖਤਰਾ:
ਈਮਾਨ ਕੋ ਨਹੀਂ, ਇਨਸਾਨ ਕੋ
ਸਾਧੂ ਕੋ ਨਹੀਂ, ਸ਼ੈਤਾਨ ਕੋ
ਬੁਲ ਕੋ ਨਹੀਂ, ਗ਼ੁਲ ਕੋ
ਖੁਦਾ ਕੋ ਨਹੀਂ, ਖੁਦ ਕੋ
ਧਰਮ ਕੋ ਨਹੀਂ, ਸ਼ਰਮ ਕੋ
ਸਾਂਝ ਕੋ ਨਹੀਂ, ਭਰਮ ਕੋ

ਰੱਬ ਵਲ ਧਿਆਨ ਕਰਕੇ ਦੀਨ ਦੁਖੀਆਂ ਦੀ ਸੇਵਾ ਕਰਨਾ ਹੀ ਰੱਬ ਨੂੰ ਪਾਉਣਾ ਹੈ।

●

ਹਮੇਸ਼ਾਂ ਬਦਨਾਮੀ ਲੈ ਕੇ ਹੱਸੋ, ਵਡਿਆਈ ਦਸ ਕੇ ਨਾ ਹੱਸੋ।

●

ਜਿਹੜਾ ਦਿਲ ਨਾਲ ਸੋਚਦਾ ਹੈ ਉਹ ਤਰੱਕੀ ਨਹੀਂ ਕਰ ਸਕਦਾ। ਹਮੇਸ਼ਾਂ ਦਿਮਾਗ ਨਾਲ ਸੋਚਣ ਵਾਲਾ ਹੀ ਤਰੱਕੀ ਕਰ ਸਕਦਾ ਹੈ।

●

ਮੌਤ ਦੇ ਫਰਿਸ਼ਤਿਆਂ ਨਾਲ ਲੜਨ ਵਾਲੇ ਇਨਸਾਨ ਦੀ, ਦੁਨੀਆਂ ਆਪਣੇ ਆਪ ਆਸ਼ਿਕ ਹੋ ਜਾਂਦੀ ਹੈ।

ਰਾਜਨੀਤੀ ਨੂੰ ਹਮੇਸ਼ਾਂ ਧਰਮ ਤੋਂ ਥਲੇ ਰਖਣਾ ਚਾਹੀਦਾ ਹੈ ਉਪਰ ਨਹੀਂ। ਜਦੋਂ ਰਾਜਨੀਤੀ ਧਰਮ ਤੋਂ ਉਪਰ ਹੋ ਜਾਂਦੀ ਹੈ ਤਾਂ ਧਰਮ ਮਜ਼੍ਹਬ ਵਿਚ ਬਦਲ ਜਾਂਦਾ ਹੈ।

●

ਪ੍ਰਮਾਤਮਾ ਹਮੇਸ਼ਾਂ ਪਿਆਰ ਦਾ ਸਬਕ ਦਿੰਦਾ ਹੈ ਤਲਵਾਰ ਦਾ ਨਹੀਂ।

●

ਲੋੜ ਰੋਂਦੀ ਹੈ, ਗਰਜ ਲੜਦੀ ਹੈ, ਪਿਆਰ ਕੁਰਬਾਨੀ ਹੈ।

●

ਖੁਦ ਕਿਸੇ ਕੋਲੋਂ ਸਤਿਕਾਰ ਮੰਗਣਾ ਤੁਹਾਡੀ ਖੁਦੀ ਹੈ ਤੁਹਾਡਾ ਲਾਲਚ ਹੈ, ਆਪਣੇ ਨੇਕ ਕਰਮਾਂ ਰਾਹੀਂ ਕਿਸੇ ਦਾ ਦਿਲ ਜਿੱਤੋ ਜਿਸ ਨਾਲ ਤੁਹਾਨੂੰ ਆਪਣੇ ਆਪ ਸਤਿਕਾਰ ਮਿਲੇ।

ਸੰਤਾਂ ਦੇ ਕਥਨ, ਸੁਨੇਹੇ ਦੁਨੀਆਂ ਦੀਆਂ ਸਾਂਝਾਂ ਵਾਸਤੇ ਹੁੰਦੇ ਹਨ, ਨਾ ਕਿ ਤੋੜਨ ਵਾਸਤੇ।

●

ਜ਼ਿੰਦਗੀ ਤਾਂ ਹਰੇਕ ਨੂੰ ਮਿਲਦੀ ਹੈ ਪਰ ਜੀਉਣਾ ਕਿਸੇ ਕਿਸੇ ਨੂੰ ਹੀ ਆਉਂਦਾ ਹੈ।

●

ਨਾਰੀ ਨੀਰ ਹੈ, ਨਾਰੀ ਤਕਦੀਰ ਹੈ ਔਰ ਨਾਰੀ ਹੀ ਮੁਲਕ ਦੀ ਤਸਵੀਰ ਹੈ।

●

ਪ੍ਰਮਾਤਮਾ ਅਨਾਥ ਨਹੀਂ ਹੈ, ਪ੍ਰਮਾਤਮਾ ਨਾਥ ਹੈ ਭਾਵ ਯਤੀਮਾ ਦਾ ਸਹਾਰਾ ਹੈ।

●

ਛੋਟੇ ਛੋਟੇ ਕਰਮ ਸਾਧ ਸੰਗਤ ਦੁਆਰਾ ਕੱਟੇ ਜਾਂਦੇ ਹਨ।

ਰੱਬ ਵਲ ਧਿਆਨ ਕਰਕੇ ਦੀਨ ਦੁਖੀਆਂ ਦੀ ਸੇਵਾ ਕਰਨਾ ਹੀ ਰੱਬ ਨੂੰ ਪਾਉਣਾ ਹੈ।

•

ਅਸੀਂ ਆਪਣੇ ਰੱਬ ਨੂੰ ਕਿਹਾ ਹੈ ਕਿ ਹੇ ਰੱਬਾ ਹੁਣ ਇਕ ਰੱਬ ਨਾਲ ਕੰਮ ਨਹੀਂ ਚਲਣਾ। ਇਸ ਵੇਲੇ ਤੈਨੂੰ ਸਾਡੇ ਹਰੇਕ ਦਾਸ ਦੀ ਜ਼ਬਾਨ ਤੇ ਕੰਮ ਕਰਨਾ ਪਵੇਗਾ। ਤਾਂ ਹੀ ਘਰ ਘਰ ਵਿਚ ਪੈਦਾ ਹੋਏ ਰਾਵਣ ਅਤੇ ਕੰਸ ਖਤਮ ਕੀਤੇ ਜਾ ਸਕਦੇ ਹਨ।

•

ਇਨੇ ਕੁ ਮਿੱਠੇ ਨਾ ਹੋ ਜਾਓ ਕਿ ਹਰ ਇਕ ਤੁਹਾਨੂੰ ਮੂੰਹ 'ਚ ਪਾਉਣ ਦੀ ਕੋਸ਼ਿਸ਼ ਕਰੇ ਔਰ ਇੰਨੇ ਕੁ ਕੌੜੇ ਨਾ ਹੋ ਜਾਓ ਕਿ ਹਰ ਇਕ ਤੁਹਾਨੂੰ ਥੁੱਕ ਦੇਵੇ।

ਔਰਤ, ਆਦਮੀ ਦਾ ਅਦੱਬ ਵੀ ਹੈ; ਪ੍ਰਮਾਤਮਾ ਦਾ ਸ਼ਿੰਗਾਰ ਵੀ ਹੈ, ਪ੍ਰਮਾਤਮਾ ਦੀ ਇਬਾਦਤ ਵੀ ਹੈ। ਸਾਨੂੰ ਉਸਦੇ ਸਤਿਕਾਰ ਦੀ ਪਹਿਚਾਣ ਹੋਣੀ ਚਾਹੀਦੀ ਹੈ।

•

ਔਰਤ ਕਦੇ ਮਾੜੀ ਨਹੀਂ ਹੁੰਦੀ ਪਰ ਉਸਦੀ ਆਤਿਸ਼ ਮਾੜੀ ਹੁੰਦੀ ਹੈ।

•

ਹਮੇਸ਼ਾਂ ਜੀਉਣ ਵਾਸਤੇ ਖਾਉ ਪਰ ਖਾਣ ਵਾਸਤੇ ਨਾ ਜੀਉ।

•

ਪਿਆਰ ਦੇ ਹਥਿਆਰ ਤਲਵਾਰਾਂ ਨਾਲੋਂ ਜ਼ਿਆਦਾ ਤੇਜ਼ ਹੁੰਦੇ ਹਨ।

ਦਾਸ ਧਰਮ ਰੰਗ ਬਰੰਗੇ ਫੁੱਲਾਂ ਦਾ ਚਮਨ ਹੋਵੇਗਾ; ਨਾ ਕਿ ਇਕੋ ਹੀ ਰੰਗ ਦੇ ਫੁਲ ਦਾ ਜੋ ਕਿ ਬਗੀਚਾ ਬਣਕੇ ਰਹਿ ਜਾਂਦੇ ਹਨ।

●

ਸਚਖੰਡ ਨਾਨਕ ਧਾਮ ਇਕ ਚੜ੍ਹਦਾ ਸੂਰਜ ਹੈ ਜਿਸਨੇ ਆਪਣੀ ਰੌਸ਼ਨੀ ਨਾਲ ਸਾਰੀ ਦੁਨੀਆਂ ਨੂੰ ਰੌਸ਼ਨ ਕਰਨਾ ਹੈ।

●

ਸਚਖੰਡ ਨਾਨਕ ਧਾਮ ਦਾ ਪ੍ਰਕਾਸ਼ ਦੁਨੀਆਂ ਨੂੰ ਮਿਲਣਾ ਹੈ ਤਾਂ ਲੋਕਾਂ ਨੇ ਇਸ ਮਿਸ਼ਨ ਵਿਚ ਇਸ ਤਰ੍ਹਾਂ ਆਉਣਾ ਹੈ ਜਿਵੇਂ ਸ਼ਹਿਦ ਤੇ ਮੱਖੀਆਂ ਡਿਗਦੀਆਂ ਹਨ।

●

ਸੱਚ ਮੌਤ ਹੈ ਔਰ ਝੂਠ ਜ਼ਿੰਦਗੀ।

# 'ਦਾਸ ਧਰਮ ਦੀ ਆਵਾਜ਼'

ਅਸੀਂ ਸ਼ਾਂਤੀ ਪਾਲਨ ਵਾਸਤੇ ਅਨੇਕਾਂ ਸਾਧਨ ਅਪਨਾਉਂਦੇ ਹਾਂ ਫਿਰ ਭੀ ਸਾਨੂੰ ਸ਼ਾਂਤੀ ਨਹੀਂ ਮਿਲਦੀ। ਉਸਦਾ ਕਾਰਨ ਹੈ ਕਿ ਅਸੀਂ ਲੋਕ ਅਨੇਕਾਂ ਹੀ ਧਰਮਾਂ ਵਿਚ ਵੰਡੇ ਗਏ ਹਾਂ ਅਤੇ ਸਾਡਾ ਵਿਸ਼ਵਾਸ ਇਕ ਧਰਮ ਵਿਚ ਨਹੀਂ ਰਿਹਾ ਜੋ ਕਿ ਮਾਨਵ ਧਰਮ ਹੈ। ਦਾਸ ਧਰਮ ਮਾਨਵ ਧਰਮ ਨੂੰ ਮੰਨਦਾ ਹੈ ਅਤੇ ਮਨੁਖ ਦਾ ਦਾਸ ਹੈ ਨਾਂ ਕਿ ਹਿੰਦੂ, ਮੁਸਲਿਮ, ਸਿੱਖ, ਈਸਾਈ ਦਾ ਜੋ ਕਿ ਆਪਣੇ ਆਪਣੇ ਧਰਮਾਂ ਨੂੰ ਉਚਾ ਦਸਕੇ ਇਕ ਦੂਜੇ ਨੂੰ ਮਾਰਨ ਮਰਵਾਉਣ ਦੇ ਗਲਤ ਰਾਹਾਂ ਤੇ ਚਲ ਰਹੇ ਹਨ। ਦਰਅਸਲ ਇਹ ਸਾਰੇ ਮਨੁੱਖ ਹਨ ਜੋ ਕਿ ਆਪਣੇ ਆਪ ਨੂੰ ਭੁਲ ਚੁਕੇ ਹਨ। ਦਾਸ ਧਰਮ ਮਨੁੱਖਤਾ ਦੀ ਸਾਂਝ ਪੈਦਾ ਕਰਨ ਵਾਸਤੇ ਅਤੇ ਪਿਆਰ ਪੈਦਾ ਕਰਨ ਲਈ ਅਨੇਕਾਂ ਸਾਧਨ ਅਤੇ ਪ੍ਰਬੰਧ ਕਰ ਰਿਹਾ ਹੈ, ਉਹ ਹਨ ਜਾਤਾਂ, ਪਾਤਾਂ ਅਤੇ ਫਿਰਕਾਪ੍ਰਸਤੀ ਦੇ ਭੇਦ ਭਾਵ ਨੂੰ ਦੂਰ ਕਰਨਾਂ, ਧਰਮ ਅਸਥਾਨਾਂ ਦੀ ਪਵਿਤਰਤਾ ਕਾਇਮ ਰਖਣੀ,, ਨਸ਼ੀਲੀਆਂ ਵਸਤੂਆਂ ਤੇ ਪਾਬੰਦੀ ਅਤੇ ਆਪਣੇ ਵਤਨ ਪ੍ਰਤੀ ਦੇਸ਼ ਵਾਸੀਆਂ ਦੇ ਮਨਾਂ ਵਿਚ ਭਗਤੀ ਭਾਵਨਾ ਪੈਦਾ ਕਰਨੀ, ਜ਼ਰੂਰਤ ਮੰਦਾਂ ਅਤੇ ਕਮਜ਼ੋਰ ਵਰਗ ਦੇ ਜੀਵਾਂ ਨੂੰ ਹਰ ਪ੍ਰਕਾਰ ਦੇ ਸਾਧਨ ਅਤੇ ਯਥਾ-ਯੋਗ ਸਹਾਇਤਾ ਦੇਣੀ। ਦਾਸ ਧਰਮ ਇਕ ਰੱਬ ਨੂੰ ਮੰਨਦਾ ਹੈ ਅਤੇ ਮਨੁੱਖ ਨੂੰ ਵੀ ਇਕ ਮੰਨਦਾ ਹੈ ਅਤੇ ਕੋਸ਼ਿਸ਼ ਕਰ ਰਿਹਾ ਹੈ ਕਿ ਸਭ ਜੀਵਾਂ ਨੂੰ ਪਿਆਰ, ਖੁਸ਼ੀ ਅਤੇ ਸੱਚਾਈ ਤੋਂ ਜਾਣੂੰ ਕਰਵਾਇਆ ਜਾਵੇ ਜੋ ਝੂਠੀਆਂ ਚੀਜ਼ਾਂ ਰਾਹੀਂ ਖੁੱਸ ਚੁਕੀ ਹੈ।

RAJA